# ਦਫ਼ਤਰ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਬਠਿੰਡਾ।

email: deose.bathinda@punjabeducation.gov.in

ਵੱਲ

ਸਮੂਹ ਪ੍ਰਾਈਵੇਟ ਸਕੂਲਾਂ ਦੇ ਮੁੱਖੀ ਸਾਹਿਬਾਨ (ਵੈਬ-ਸਾਈਟ ਰਾਹੀਂ)

ਜਿਲ੍ਹਾ ਬਠਿੰਡਾ।

ਪੱਤਰ ਨੰ: ਜੀ-3/( ) /2024-25/ਪ੍ਰਾਈਵੇਟ ਸਕੂਲਜ/ 175 ਮਿਤੀ: 08/01/2025

**ਵਿਸ਼ਾ: ਸਕੂਲਾਂ ਦੇ ਖੁੱਲ੍ਹਣ-ਬੰਦ ਹੋਣ ਦੇ ਸਮੇਂ ਸੰਬੰਧੀ।**

ਉਕਤ ਵਿਸ਼ੇ ਸੰਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਮੁੱਖ ਦਫ਼ਤਰ ਵੱਲੋਂ ਰਾਜ ਵਿੱਚ ਸਮੂਹ ਸਰਕਾਰੀ/ ਪ੍ਰਾਈਵੇਟ ਅਤੇ ਏਡਿਡ ਸਕੂਲਾਂ ਦੇ ਖੁੱਲਣ-ਬੰਦ ਹੋਣ ਵਿੱਚ ਇੱਕਸਾਰਤਾ ਲਿਆਉਣ ਲਈ ਸਕੂਲਾਂ ਦੇ ਖੁੱਲਣ-ਬੰਦ ਹੋਣ ਦਾ ਸਮਾਂ ਨਿਰਧਾਰਿਤ ਕਰਨ ਲਈ ਸਮੇਂ-ਸਮੇਂ ਤੇ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਜਿਲ੍ਹੇ ਦੇ ਬਹੁਤ ਸਾਰੇ ਪ੍ਰਾਈਵੇਟ ਸਕੂਲਾਂ ਵੱਲੋਂ ਵਿਭਾਗ ਵੱਲੋਂ ਜਾਰੀ ਹਦਾਇਤਾਂ ਦੀ ਉਲੰਘਣਾ ਕਰਕੇ ਸਕੂਲਾਂ ਦੇ ਖੁੱਲ੍ਹਣ-ਬੰਦ ਹੋਣ ਦੇ ਸਮਾਂ ਮਨਮਰਜੀ ਨਾਲ ਆਪਣੇ ਪੱਧਰ ਤੇ ਹੀ ਬਦਲ ਲਿਆ ਜਾਂਦਾ ਹੈ।

ਨਿਮਨ-ਹਸਤਾਖਰੀ ਦੇ ਧਿਆਨ ਵਿੱਚ ਆਇਆ ਹੈ ਕਿ ਇਸ ਸਾਲ ਵੀ ਸਰਦ-ਰੁੱਤ ਦੀਆਂ ਛੁੱਟੀਆਂ ਖਤਮ ਹੋਣ ਉਪਰੰਤ ਬਹੁਤ ਸਾਰੇ ਪ੍ਰਾਈਵੇਟ ਸਕੂਲਾਂ ਸਕੂਲ ਸਿੱਖਿਆ ਵਿਭਾਗ ਵੱਲੋਂ ਜਾਰੀ ਹਦਾਇਤਾਂ ਦੇ ਉਲਟ ਮਨਮਰਜੀ ਨਾਲ ਸਕੂਲਾਂ ਦੇ ਖੁੱਲਣ-ਬੰਦ ਹੋਣ ਦੇ ਸਮੇਂ ਵਿੱਚ ਤਬਦੀਲੀ ਕੀਤੀ ਗਈ ਹੈ, ਜੋ ਕਿ ਵਿਭਾਗ ਦੀਆਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਦੀ ਉਲੰਘਣਾ ਹੈ।

ਇਸ ਪੱਤਰ ਰਾਹੀਂ ਜਿਲ੍ਹੇ ਦੇ ਸਮੂਹ ਪ੍ਰਾਈਵੇਟ ਸਕੂਲ ਮੁੱਖੀ ਸਾਹਿਬਾਨ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਸਕੂਲਾਂ ਦੇ ਖੁੱਲਣ-ਬੰਦ ਹੋਣ ਦਾ ਸਮਾਂ ਸਰਕਾਰ/ ਵਿਭਾਗ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਹੀ ਰੱਖਿਆ ਜਾਵੇ। ਅਣਗਹਿਲੀ ਦੀ ਸੂਰਤ ਵਿੱਚ ਇਸਦੀ ਨਿਰੋਲ ਜੁੰਮੇਵਾਰੀ ਸੰਬੰਧਤ ਸਕੂਲ ਮੁੱਖੀ ਦੀ ਹੋਵੇਗੀ।

ਜਿਲ੍ਹਾ ਸਿੱਖਿਆ ਅਫਸਰ (ਸੈਸਿ)
ਬਠਿੰਡਾ।

ਪਿੱਠ ਅੰਕਣ ਨੰ: ਉਕਤ ਮਿਤੀ: ਉਕਤ

ਉਕਤ ਦਾ ਉਤਾਰਾ ਹੇਠ ਲਿਖੇ ਅਧਿਕਾਰੀ ਸਾਹਿਬਾਨ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ :

1. ਮਾਣਯੋਗ ਸਕੱਤਰ ਸਕੂਲ ਸਿੱਖਿਆ ਵਿਭਾਗ, ਪੰਜਾਬ ਚੰਡੀਗੜ੍ਹ
2. ਮਾਣਯੋਗ ਡਾਇਰੈਕਟਰ ਸਕੂਲ ਸਿੱਖਿਆ (ਸੈ) ਪੰਜਾਬ
3. ਮਾਣਯੋਗ ਡਿਪਟੀ ਕਮਿਸ਼ਨਰ ਬਠਿੰਡਾ।

ਜਿਲ੍ਹਾ ਸਿੱਖਿਆ ਅਫਸਰ (ਸੈਸਿ)
ਬਠਿੰਡਾ।

Scanned with OKEN Scanner